**FEROZEPUR POLICE**

A unit of PUNJAB POLICE

# PRESS NOTE
# ਪ੍ਰੈਸ ਨੋਟ

## ਜਿਲ੍ਹਾ ਪੁਲਿਸ ਫਿਰੋਜ਼ਪੁਰ ਨੂੰ "ਯੁੱਧ ਨਸ਼ਿਆ ਵਿਰੁੱਧ" ਮੁਹਿੰਮ ਤਹਿਤ ਸਫਲਤਾ ਹਾਸਲ ਕਰਦਿਆ

- **NDPS Act ਤਹਿਤ 3 ਦੋਸ਼ੀਆ ਨੂੰ ਕਾਬੂ ਕਰਕੇ 12 Kg 70 gm ਹੈਰੋਇਨ, 25 ਲੱਖ 12 ਹਜ਼ਾਰ ਰੁਪਏ ਡਰੱਗ ਮਨੀ ਅਤੇ 01 ਆਰਟੀਗਾ ਕਾਰ ਕੀਤੀ ਬ੍ਰਾਮਦ**

**ਮਿਤੀ : 22 ਮਈ, 2025**

ਪੰਜਾਬ ਸਰਕਾਰ ਅਤੇ ਮਾਨਯੋਗ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਜੀ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਸ਼੍ਰੀ ਹਰਮਨਬੀਰ ਸਿੰਘ ਗਿੱਲ IPS, ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਫਿਰੋਜ਼ਪੁਰ ਰੇਂਜ਼, ਫਿਰੋਜ਼ਪੁਰ ਜੀ ਦੇ ਹੁਕਮਾਂ/ਅਗਵਾਈ ਅਨੁਸਾਰ ਸ਼੍ਰੀ ਭੁਪਿੰਦਰ ਸਿੰਘ ਸਿੱਧੂ PPS, ਸੀਨੀਅਰ ਕਪਤਾਨ ਪੁਲਿਸ, ਫਿਰੋਜ਼ਪੁਰ ਦੁਆਰਾ ਜਿਲ੍ਹਾ ਹਜਾ ਅੰਦਰ ਨਸ਼ਿਆਂ ਦੇ ਖਾਤਮੇ, ਨਸ਼ਾ ਤਸਕਰਾਂ, ਸਮਾਜ ਵਿਰੋਧੀ ਅਨਸਰਾਂ ਅਤੇ ਸ਼ਰਾਰਤੀ ਅਨਸਰਾਂ ਦੀਆਂ ਵਾਰਦਾਤਾਂ ਨੂੰ ਪੂਰੀ ਤਰ੍ਹਾਂ ਠੱਲ ਪਾਉਣ ਲਈ "**ਯੁੱਧ ਨਸ਼ਿਆ ਵਿਰੁੱਧ**" ਮੁਹਿੰਮ ਤਹਿਤ ਪ੍ਰਭਾਵੀ ਕਾਰਵਾਈ ਕੀਤੀ ਜਾ ਰਹੀ ਹੈ। ਇਸ ਲੜੀ ਵਿੱਚ ਜਿਲ੍ਹਾ ਪੁਲਿਸ ਦੁਆਰਾ ਜਿਲ੍ਹਾ ਦੇ ਸਮੂਹ ਗਜਟਿਡ ਪੁਲਿਸ ਅਧਿਕਾਰੀਆਂ ਦੀ ਨਿਗਰਾਨੀ ਹੇਠ ਸਪੈਸ਼ਲ ਟੀਮਾਂ ਬਣਾਈਆਂ ਗਈਆਂ ਹਨ, ਜੋ ਮੁਸ਼ਤੈਦੀ ਨਾਲ ਪੂਰੇ ਏਰੀਆ ਅੰਦਰ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰ ਰਹੀਆਂ ਹਨ।

ਇਹਨਾਂ ਟੀਮਾਂ ਵਿੱਚੋਂ ਸ਼੍ਰੀ ਮਨਜੀਤ ਸਿੰਘ PPS, ਕਪਤਾਨ ਪੁਲਿਸ, ਇੰਨ: ਫਿਰੋਜ਼ਪੁਰ ਦੀ ਨਿਗਰਾਨੀ ਅਧੀਨ ਕੰਮ ਕਰ ਰਹੀ, ਸ਼੍ਰੀ ਕਰਨ ਸ਼ਰਮਾ PPS, ਉਪ ਕਪਤਾਨ ਪੁਲਿਸ, ਸ:ਡ: ਦਿਹਾਤੀ ਫਿਰੋਜ਼ਪੁਰ ਦੀ ਅਗਵਾਈ ਵਾਲੀ ਇੰਸ: ਗੁਰਪ੍ਰੀਤ ਸਿੰਘ, ਮੁੱਖ ਅਫਸਰ ਥਾਣਾ ਘੱਲਖੁਰਦ ਦੀ ਟੀਮ ਨੂੰ ਮਿਤੀ 21.05.2025 ਨੂੰ ਇੱਕ ਵੱਡੀ ਸਫਲਤਾ ਹੱਥ ਲੱਗੀ। ਇਸ ਟੀਮ ਵੱਲੋਂ ਗੁਪਤ ਸੂਚਨਾਂ ਦੇ ਆਧਾਰ ਤੇ ਮੁਕੱਦਮਾ ਨੰਬਰ 59 ਮਿਤੀ 21.05.2025 ਅ/ਧ 21 **NDPS Act** ਥਾਣਾ ਘੱਲਖੁਰਦ ਦਰਜ਼ ਕਰਕੇ ਨਸ਼ਾ ਤਸਕਰੀ ਵਿੱਚ ਸ਼ਾਮਲ 03 ਅਪਰਾਧੀਆ 1) ਕਰਨ ਕੁਮਾਰ ਉਰਫ ਘੰਨੀ **(ਉਮਰ 22 ਸਾਲ)** ਪੁੱਤਰ ਰਾਜ ਕੁਮਾਰ; 2) ਰੋਹਿਤ ਭੱਟੀ **(ਉਮਰ 24 ਸਾਲ)** ਪੁੱਤਰ ਸੂਬਾ ਅਤੇ 3)ਅਕਾਸ਼ਦੀਪ ਉਰਫ ਅਕਾਸ਼ **(ਉਮਰ 24 ਸਾਲ)** ਪੁੱਤਰ ਰਾਜ ਕੁਮਾਰ ਵਾਸੀਆਨ ਪਿੰਡ ਬੁੱਕਣ ਖਾਂ ਵਾਲਾ, ਥਾਣਾ ਕੁੱਲਗੜੀ ਨੂੰ ਕਾਨੂੰਨ ਅਨੁਸਾਰ ਕਾਬੂ ਕਰਕੇ ਇਹਨਾਂ ਪਾਸੋਂ **2 Kg 70 gm ਹੈਰੋਇਨ, 25 ਲੱਖ 12 ਹਜ਼ਾਰ ਰੁਪਏ ਡਰੱਗ ਮਨੀ ਅਤੇ 01 ਆਰਟੀਗਾ ਕਾਰ (PB-01-F-1618)** ਬ੍ਰਾਮਦ ਕੀਤੀ ਗਈ। ਇਸ ਮਾਮਲੇ ਵਿੱਚ ਕਾਨੂੰਨ ਅਨੁਸਾਰ ਪ੍ਰਗਤੀ ਕਰਦਿਆ ਦੋਸ਼ੀਆਨ ਨੂੰ ਪੇਸ਼ ਅਦਾਲਤ ਕਰਕੇ 02 ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ।

ਮੁਕੱਦਮਾ ਦੀ ਤਫਤੀਸ਼ ਦੌਰਾਨ ਮਾਮਲੇ ਵਿੱਚ ਫਾਰਵਰਡ ਅਤੇ ਬੈਕਵਰਡ ਲਿੰਕ ਟਰੇਸ ਕਰਨ ਅਤੇ ਹੋਰ ਨੁਕਤਿਆ ਬਾਰੇ ਤਫਤੀਸ਼ ਲਈ ਪੁਲਿਸ ਰਿਮਾਂਡ ਪਰ ਲਏ ਗਏ ਦੋਸ਼ੀਆਨ ਪਾਸੋਂ ਸਖਤੀ ਨਾਲ ਕੀਤੀ ਗਈ ਪੁੱਛ-ਗਿੱਛ ਦੌਰਾਨ ਦੋਸ਼ੀ ਕਰਨ ਕੁਮਾਰ ਉਰਫ ਘੰਨੀ ਨੇ ਆਪਣੀ ਪੁੱਛਗਿੱਛ ਵਿੱਚ ਇੰਕਸਾਫ ਕੀਤਾ ਕਿ ਉਸ ਨੇ ਆਪਣੇ ਕਿਰਾਏ ਵਾਲੇ ਮਕਾਨ ਰਿੱਖੀ ਕਾਲੋਨੀ, ਫਿਰੋਜਪੁਰ ਵਿੱਚ 10 ਕਿਲੋ ਹੈਰੋਇਨ ਲੁਕਾ ਛੁਪਾ ਕੇ ਰੱਖੀ ਹੈ ਜੋ ਦੋਸ਼ੀ ਕਰਨ ਉਰਫ ਘੰਨੀ ਦੇ ਇੰਕਸਾਫ ਮੁਤਾਬਿਕ ਉਸਦੀ ਦੀ ਨਿਸ਼ਾਨਦੇਹੀ ਪਰ ਉਕਤ ਜਗ੍ਹਾ ਤੋਂ 10 ਕਿਲੋ ਹੈਰੋਇਨ ਬ੍ਰਾਮਦ ਕੀਤੀ ਗਈ। ਇਸ ਤੋਂ ਇਲਾਵਾ ਤੱਥਾਂ ਦੇ ਆਧਾਰ ਤੇ ਅਗਲੇਰੀ ਤਫਤੀਸ਼ ਜ਼ਾਰੀ ਹੈ, ਦੋਸ਼ੀਆਨ ਪਾਸੋਂ ਮਾਮਲੇ ਨਾਲ ਜੁੜੇ ਸਾਰੇ ਪਹਿਲੂਆ ਬਾਰੇ ਮੁਕੰਮਲ ਪੁੱਛ-ਗਿੱਛ ਕਰਕੇ ਨਸ਼ੇ ਦੇ ਧੰਦੇ ਵਿੱਚ ਲਿਪਤ ਹੋਰਨਾਂ ਅਪਰਾਧੀਆ ਨੂੰ ਬੇਨਕਾਬ ਕਰਕੇ ਕਾਨੂੰਨ ਦੇ ਸਪੁਰਦ ਕੀਤਾ ਜਾਵੇਗਾ।

## DETAILS

| ਟੀਮ | ਮੁਕੱਦਮਾ ਨੰਬਰ | ਦੋਸ਼ੀਆਨ | ਬ੍ਰਾਮਦਗੀ |
|---|---|---|---|
| SP D FZR<br>DSP Rural<br>SHO Ghallkhurd | **ਮੁ:ਨੰ: 59<br>ਮਿਤੀ 21.05.2025<br>ਅ/ਧ 21 NDPS Act<br>ਥਾਣਾ ਘੱਲਖੁਰਦ** | 1. ਕਰਨ ਕੁਮਾਰ ਉਰਫ ਘੰਨੀ **(ਉਮਰ 22 ਸਾਲ)** ਪੁੱਤਰ ਰਾਜ ਕੁਮਾਰ<br>2. ਰੋਹਿਤ ਭੱਟੀ **(ਉਮਰ 24 ਸਾਲ)** ਪੁੱਤਰ ਸੂਬਾ<br>3. ਅਕਾਸ਼ਦੀਪ ਉਰਫ ਅਕਾਸ਼ **(ਉਮਰ 24 ਸਾਲ)** ਪੁੱਤਰ ਰਾਜ ਕੁਮਾਰ<br>ਵਾਸੀਆਨ ਪਿੰਡ ਬੁੱਕਣ ਖਾਂ ਵਾਲਾ, ਥਾਣਾ ਕੁੱਲਗੜੀ **(ਸਾਰੇ ਗ੍ਰਿਫਤਾਰ 21.05.2025)** | • **12 ਕਿੱਲੋ 70 ਗ੍ਰਾਮ ਹੈਰੋਇਨ**<br>• **25 ਲੱਖ 12 ਹਜ਼ਾਰ ਰੁਪਏ ਡਰੱਗ ਮਨੀ ਅਤੇ**<br>• **01 ਆਰਟੀਗਾ ਕਾਰ (PB-01-F-1618)** |

## ਪਿਛੋਕੜ ਕ੍ਰਿਮੀਨਲ ਰਿਕਾਰਡ

**ਦੋਸ਼ੀ ਕਰਨ ਕੁਮਾਰ ਉਰਫ ਘੰਨੀ** : **ਕੁੱਲ 02 ਮੁਕੱਦਮੇ (1 NDPS Act) ਦਰਜ਼ ਹੋਣੇ ਪਾਏ ਗਏ ਹਨ**

1) ਮੁ:ਨੰ: 06 ਮਿਤੀ 12.01.2025 ਅ/ਧ 21 NDPS Act ਥਾਣਾ ਕੁੱਲਗੜੀ (70 Gm Heroin)
   **ਪੇਸ਼ ਅਦਾਲਤ ਮਿਤੀ 16.04.2025**
2) ਮੁ:ਨੰ: 236 ਮਿਤੀ 26.12.2024 ਅ/ਧ 351(2),191(3),190 BNS 25 Arms Act ਥਾਣਾ ਕੁੱਲਗੜੀ
   **ਪੇਸ਼ ਅਦਾਲਤ ਮਿਤੀ 26.03.2025**

**ਦੋਸ਼ੀ ਅਕਾਸ਼ਦੀਪ ਉਰਫ ਅਕਾਸ਼** : **ਕੁੱਲ 01 ਮੁਕੱਦਮਾ (1 NDPS Act) ਦਰਜ਼ ਹੋਣਾ ਪਾਇਆ ਗਿਆ ਹੈ**

1) ਮੁ:ਨੰ: 170 ਮਿਤੀ 26.12.2021 ਅ/ਧ 21 NDPS Act ਥਾਣਾ ਕੁੱਲਗੜੀ (50 Gm Heroin)
   **ਸਜ਼ਾ ਮਿਤੀ 08.05.2025 (ਜਿੰਨਾਂ ਸਮਾਂ ਕਸਟੱਡੀ ਵਿੱਚ ਰਹੇ ਅਤੇ 5000/- ਰੁਪਏ)**